ਅਕਾਸ਼ਵਾਣੀ ਚੰਡੀਗੜ੍ਹ
ਪ੍ਰਾਦੇਸ਼ਿਕ ਖ਼ਬਰਾਂ, ਪੰਜਾਬੀ

ਮਿਤੀ 17-05-2012 1820 hrs

ਸ਼ਾਮ
ਮੁੱਖ ਖ਼ਬਰਾਂ

- ਮੁੱਖ ਮੰਤਰੀ ਨੇ ਸੂਬੇ ਵਿਚ ਚਿੱਟੀ ਕ੍ਰਾਂਤੀ ਲਿਆਉਣ ਦੇ ਮਨੋਰਥ ਨਾਲ ਰਵਾਇਤੀ ਖੇਤੀ ਤੋਂ ਹੱਟ ਕੇ ਡੇਅਰੀ ਫਾਰਮਿੰਗ ਨੂੰ ਵਿਕਸਿਤ ਕਰਨ 'ਤੇ ਜ਼ੋਰ ਦਿਤੈ।
- ਉਪ ਮੁੱਖ ਮੰਤਰੀ ਨੇ ਕਿਹੈ ਕਿ ਰਾਜ ਸਰਕਾਰ ਸਨਅੱਤੀਕਰਨ ਨੂੰ ਹੁਲਾਰਾ ਦੇਣ ਲਈ ਉਤਪਾਦ ਵਿਸ਼ੇਸ਼ ਸਨਅੱਤੀ ਜ਼ੋਨ ਬਣਾਉਣ ਦੀ ਯੋਜਨਾ ਬਣਾ ਰਹੀ ਏ।
- ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਗੱਠਜੋੜ ਨੂੰ ਆਉਂਦੀਆਂ ਮਿਉਂਸੀਪਲ ਕਾਰਪੋਰੇਸ਼ਨ ਚੋਣਾਂ 'ਚ ਕਿਸੇ ਤਰ੍ਹਾਂ ਦੀ ਵਧੀਕੀ ਤੋਂ ਗੁਰੇਜ਼ ਕਰਨ ਲਈ ਸਾਵਧਾਨ ਕੀਤੈ।
- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੰਤਰੀ ਤੋਤਾ ਸਿੰਘ ਨੂੰ ਰਾਹਤ ਦਿੰਦਿਆਂ ਹੇਠਲੀ ਅਦਾਲਤ ਵਲੋਂ ਉਨ੍ਹਾਂ ਨੂੰ ਸੁਣਾਈ ਗਈ ਸਜ਼ਾ ਹਾਲ ਦੀ ਘੜੀ ਮੁਅੱਤਲ ਕਰ ਦਿਤੀ ਏ।

ਖ਼ਬਰਾਂ ਵਿਸਥਾਰ ਨਾਲ

o ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਵਿਚ ਚਿੱਟੀ ਕ੍ਰਾਂਤੀ ਲਿਆਉਣ ਦੇ ਮਨੋਰਥ ਨਾਲ ਰਵਾਇਤੀ ਖੇਤੀ ਤੋਂ ਹੱਟ ਕੇ ਡੇਅਰੀ ਫਾਰਮਿੰਗ ਨੂੰ ਵਿਕਸਿਤ ਕਰਨ 'ਤੇ ਜ਼ੋਰ ਦਿਤੈ। ਰਾਸ਼ਟਰੀ ਡੇਅਰੀ ਯੋਜਨਾ ਦਾ ਜਾਇਜ਼ਾ ਲੈਣ ਲਈ ਰਾਸ਼ਟਰੀ ਡੇਅਰੀ ਵਿਕਾਸ ਬੋਰਡ ਦੇ ਮੈਨੇਜਿੰਗ ਡਾਇਰੈਕਟਰ ਦਲੀਪ ਰੱਥ ਅਤੇ ਪਸ਼ੂ ਪਾਲਣ ਵਿਭਾਗ ਦੇ ਹੋਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਹੱਟ ਕੇ ਡੇਅਰੀ ਫਾਰਮਿੰਗ ਨੂੰ ਬਦਲ ਵਜੋਂ ਅਪਣਾਏ ਜਾਣ ਦੀ ਲੋੜ ਏ ਕਿਉਂਕਿ ਜੋ ਇਹ ਫਸਲੀ ਚੱਕਰ ਹੁਣ ਕਿਸਾਨਾਂ ਲਈ ਵਧੇਰੇ ਲਾਭਕਾਰੀ ਨਹੀਂ ਰਿਹੈ। ਸ੍ਰੀ ਬਾਦਲ ਨੇ ਰਾਸ਼ਟਰੀ ਡੇਅਰੀ ਯੋਜਨਾ ਨੂੰ ਸੂਬੇ ਵਿੱਚ ਪੁਰਜ਼ੋਰ ਤਰੀਕੇ ਨਾਲ ਅਮਲ ਵਿਚ ਲਿਆਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਏਸ ਨਾਲ ਖ਼ਾਸ ਕਰਕੇ ਛੋਟੇ ਅਤੇ ਬਹੁਤ ਛੋਟੇ ਕਿਸਾਨਾਂ ਨੂੰ ਲਾਭ ਹੋਏਗਾ। ਉਨ੍ਹਾਂ ਸ੍ਰੀ ਰੱਥ ਨੂੰ ਭਰੋਸਾ ਦਿਤਾ ਕਿ ਸੂਬੇ ਦੇ ਦਿਹਾਤੀ ਅਰਥਚਾਰੇ ਨੂੰ ਮਜ਼ਬੂਤ ਕਰਨ ਦੇ ਭਾਰਤ ਸਰਕਾਰ ਦੇ ਉਪਰਾਲਿਆਂ ਵਿੱਚ ਰਾਜ ਸਰਕਾਰ ਵਲੋਂ ਪੂਰਾ ਸਹਿਯੋਗ ਦਿਤਾ ਜਾਏਗਾ। ਏਸ ਮੌਕੇ ਸ੍ਰੀ ਰੱਥ ਨੇ ਮੁੱਖ ਮੰਤਰੀ ਨੂੰ ਦਸਿਆ ਕਿ ਰਾਸ਼ਟਰੀ ਡੇਅਰੀ ਯੋਜਨਾ ਦਾ ਮੁੱਖ ਮਨੋਰਥ ਦੁੱਧ ਉਤਪਾਦਨ ਵਿਚ ਵਾਧਾ ਕਰਨੈ ਅਤੇ ਦੁੱਧ ਉਤਪਾਦਕਾਂ ਨੂੰ ਹੋਰ ਵਧੇਰੇ ਸਹੂਲਤਾਂ ਦੇਣੈ।

-----------------------------------------

o ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹੈ ਕਿ ਰਾਜ ਸਰਕਾਰ ਸਨਅੱਤੀਕਰਨ ਨੂੰ ਹੁਲਾਰਾ ਦੇਣ ਲਈ ਉਤਪਾਦ ਵਿਸ਼ੇਸ਼ ਸਨਅੱਤੀ ਜ਼ੋਨ ਬਣਾਉਣ ਦੀ ਯੋਜਨਾ ਬਣਾ ਰਹੀ ਏ। ਚੰਡੀਗੜ੍ਹ 'ਚ ਮੁੱਖ ਪਾਰਲੀਮਾਨੀ ਸਕੱਤਰ ਐਨ.ਕੇ. ਸ਼ਰਮਾ ਦੇ ਸਨਅੱਤ ਅਤੇ ਵਪਾਰ ਵਿਭਾਗ ਦਾ ਅਹੁਦਾ ਸੰਭਾਲਣ ਮੌਕੇ ਗੱਲਬਾਤ ਕਰਦਿਆਂ

ਸ੍ਰੀ ਬਾਦਲ ਨੇ ਕਿਹਾ ਕਿ ਬਠਿੰਡਾ ਖੇਤਰ ਨੂੰ ਟੈਕਸਟਾਈਲ ਜ਼ੋਨ ਅਤੇ ਮੁਹਾਲੀ ਨੂੰ ਸੂਚਨਾ ਤਕਨਾਲੋਜੀ ਸਨਅੱਤ ਵਜੋਂ ਵਿਕਸਤ ਕੀਤਾ ਜਾ ਰਿਹੈ। ਇਸੇ ਤਰ੍ਹਾਂ ਰਾਜਪੁਰਾ ਅਤੇ ਕਪੂਰਥਲਾ 'ਚ ਹੈਂਡ ਟੂਲਜ਼ ਅਤੇ ਜਲੰਧਰ ਕਪੂਰਥਲਾ ਖੇਤਰ 'ਚ ਚਮੜਾ ਸਨਅੱਤ ਨੂੰ ਵਿਕਸਿਤ ਕੀਤਾ ਜਾ ਰਿਹੈ। ਉਨ੍ਹਾਂ ਕਿਹਾ ਕਿ ਮੋਹਾਲੀ ਵਿਖੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਮੁਕੰਮਲ ਹੋਣ ਨਾਲ ਸਨਅੱਤ ਨੂੰ ਵੱਡਾ ਹੁਲਾਰਾ ਮਿਲੇਗਾ।

---------------------------------------

o ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਵਿਭਾਗਾਂ ਨੂੰ ਸੂਬਾ ਮੰਤਰੀ ਮੰਡਲ ਵਲੋਂ ਲਏ ਗਏ ਫੈਸਲਿਆਂ ਨੂੰ ਤੁਰੰਤ ਲਾਗੂ ਕਰਨ ਦਾ ਆਦੇਸ਼ ਦਿਤੈ। ਇਕ ਸਰਕਾਰੀ ਬੁਲਾਰੇ ਨੇ ਚੰਡੀਗੜ੍ਹ 'ਚ ਦਸਿਐ ਕਿ ਮੰਤਰੀ ਮੰਡਲ ਵਲੋਂ ਲਏ ਗਏ ਫੈਸਲਿਆਂ ਨੂੰ ਕਈ ਵਿਭਾਗਾਂ ਵਲੋਂ ਲਾਗੂ ਕਰਨ ਵਿੱਚ ਅਣਉਚਿਤ ਦੇਰੀ ਕੀਤੀ ਜਾਂਦੀ ਏ, ਜਿਸ ਦੇ ਮੱਦੇਨਜ਼ਰ ਸਰਕਾਰ ਨੇ ਉਨ੍ਹਾਂ ਨੂੰ ਇਹ ਫੈਸਲੇ ਮੰਤਰੀ ਮੰਡਲ ਮਾਮਲੇ ਸ਼ਾਖ਼ਾ ਵਲੋਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਕਰਨ ਦਾ ਆਦੇਸ਼ ਦਿਤੈ। ਉਨ੍ਹਾਂ ਦਸਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੰਤਰੀ ਮੰਡਲ ਵਲੋਂ ਲਏ ਗਏ ਫੈਸਲਿਆਂ ਨੂੰ ਹੇਠਲੇ ਪੱਧਰ 'ਤੇ ਗੰਭੀਰਤਾ ਨਾਲ ਲਾਗੂ ਨਾ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਅਜਿਹੇ ਵਿਭਾਗਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦਾ ਆਦੇਸ਼ ਦਿਤੈ। ਬੁਲਾਰੇ ਨੇ ਦਸਿਐ ਕਿ ਵੱਖ ਵੱਖ ਵਿਭਾਗਾਂ ਤੋਂ ਮੰਤਰੀ ਮੰਡਲ ਦੇ ਫੈਸਲਿਆਂ ਨੂੰ ਅਮਲ ਵਿਚ ਨਾ ਲਿਆਉਣ ਸਬੰਧੀ ਲਟਕੇ ਹੋਏ ਮਾਮਲਿਆਂ ਬਾਰੇ ਰਿਪੋਰਟ ਵੀ ਮੰਗੀ ਏ।

---------------------------------------

o ਪੰਜਾਬ ਸਰਕਾਰ ਨੇ ਵੱਖ-ਵੱਖ ਵਿਸ਼ਿਆਂ ਦੇ 728 ਅਧਿਆਪਕਾਂ ਨੂੰ ਤਰੱਕੀ ਦੇ ਦਿਤੀ ਏ, ਜਿਸ ਨਾਲ ਪਿਛਲੇ ਦੋ ਦਿਨਾਂ ਦੌਰਾਨ ਅਧਿਆਪਕਾਂ ਤੋਂ ਲੈਕਚਰਾਰ ਬਣਨ ਵਾਲਿਆਂ ਦੀ ਗਿਣਤੀ 1833 ਹੋ ਗਈ ਏ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਚੰਡੀਗੜ੍ਹ 'ਚ ਦਸਿਐ ਕਿ ਰਾਜਨੀਤੀ ਵਿਗਿਆਨ ਦੇ 500, ਅਰਥ ਸ਼ਾਸਤਰ ਦੇ 140, ਹਿੰਦੀ ਦੇ 32, ਭੂਗੋਲ ਦੇ 41 ਅਤੇ ਸੰਗੀਤ ਦੇ 15 ਅਧਿਆਪਕ ਤਰੱਕੀ ਦੇ ਕੇ ਲੈਕਚਰਾਰ ਬਣਾਏ ਗਏ ਨੇ। ਉਨ੍ਹਾਂ ਦਸਿਆ ਕਿ ਅਜਿਹੇ ਪਦਉੱਨਤ ਕੀਤੇ ਗਏ ਅਧਿਆਪਕਾਂ ਦੀ ਸੂਚੀ ਵਿਭਾਗ ਦੀ ਵੈਬਸਾਈਟ **WWW.SSA PUNJAB.ORG** 'ਤੇ ਪਾ ਦਿੱਤੀ ਗਈ ਏ। ਉਨ੍ਹਾਂ ਕਿਹਾ ਕਿ ਉਹ ਅਧਿਆਪਕਾਂ ਦੀ ਹੌਂਸਲਾ ਅਫਜਾਈ ਲਈ ਸਾਰੀਆਂ ਬਣਦੀਆਂ ਤਰੱਕੀਆਂ ਦੇਣ ਲਈ ਵਚਨਬੱਧ ਨੇ ਅਤੇ ਨਵੇਂ ਪਦਉੱਨਤ ਹੋਣ ਵਾਲੇ ਲੈਕਚਰਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਤੈਨਾਤ ਕੀਤਾ ਜਾਏਗਾ।
ਏਸ ਦੌਰਾਨ ਸ੍ਰੀ ਮਲੂਕਾ ਨੇ ਅੱਜ ਮੋਹਾਲੀ ਵਿੱਚ ਇਕ ਸਮਾਗਮ ਦੌਰਾਨ 58 ਨੇਤਰਹੀਣ ਵਿਅਕਤੀਆਂ ਨੂੰ ਸਿੱਖਿਆ ਵਿਭਾਗ ਵਿੱਚ ਨਿਯੁਕਤੀ ਪੱਤਰ ਦਿਤੇ ਨੇ। ਨੇਤਰਹੀਣਾਂ ਦੀ ਰਾਸ਼ਟਰੀ ਫੈਡਰੇਸ਼ਨ ਦੀ ਪੰਜਾਬ ਸ਼ਾਖ਼ਾ ਦੇ ਜਨਰਲ ਸਕੱਤਰ ਰਾਮ ਮੂਰਤੀ ਨੇ ਦਸਿਐ ਕਿ ਕਿ ਏਸ ਮੌਕੇ 10 ਨੇਤਰਹੀਣ ਉਮੀਦਵਾਰ ਮੌਕੇ 'ਤੇ ਹਾਜ਼ਰ ਨਹੀਂ ਹੋ ਸਕੇ, ਜਿਨ੍ਹਾਂ ਨੂੰ ਮਗਰੋਂ ਨਿਯੁਕਤੀ ਪੱਤਰ ਦੇ ਦਿਤੇ ਜਾਣਗੇ।

---------------------------------------

o ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਗੱਠਜੋੜ ਨੂੰ ਖ਼ਬਰਦਾਰ ਕੀਤੈ ਕਿ ਆਉਂਦੀਆਂ ਮਿਉਂਸੀਪਲ ਕਾਰਪੋਰੇਸ਼ਨ ਚੋਣਾਂ 'ਚ ਇਹ ਕਿਸੇ ਤਰ੍ਹਾਂ ਦੀ ਵਧੀਕੀ ਕਰਨ ਤੋਂ ਗੁਰੇਜ਼ ਕਰੇ। ਚੰਡੀਗੜ੍ਹ 'ਚ ਇਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਏਸ ਦੌਰਾਨ ਕਿਸੇ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਪੈਦਾ ਹੋਣ ਲਈ ਸੱਤਾਧਾਰੀ ਗੱਠਜੋੜ ਜ਼ਿੰਮੇਵਾਰ ਹੋਵੇਗਾ। ਮਿਉਂਸੀਪਲ ਕਾਰਪੋਰੇਸ਼ਨ ਚੋਣਾਂ ਸਬੰਧੀ ਸਕਰੀਨਿੰਗ ਕਮੇਟੀ ਅਤੇ ਮੈਨੀਫੈਸਟੋ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ

ਕਰਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਲੁਧਿਆਣਾ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ ਦੀ ਜਿੱਤ ਨੂੰ ਲੈ ਕੇ ਕਾਂਗਰਸ ਪਾਰਟੀ ਦੀ ਸਥਿਤੀ ਮਜ਼ਬੂਤ ਏ।

---------------------------------------

○ ਸਾਬਕਾ ਮੰਤਰੀ ਤੋਤਾ ਸਿੰਘ ਨੂੰ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਤੋਂ ਵੱਡੀ ਰਾਹਤ ਮਿਲੀ ਏ, ਜਿਸ ਅਨੁਸਾਰ ਉਨ੍ਹਾਂ ਦੀ ਸਜ਼ਾ ਨੂੰ ਫ਼ਿਲਹਾਲ ਮੁਅੱਤਲ ਕਰ ਦਿਤਾ ਗਿਐ। ਜਥੇਦਾਰ ਤੋਤਾ ਸਿੰਘ ਨੂੰ ਮੋਹਾਲੀ ਦੀ ਇਕ ਅਦਾਲਤ ਨੇ ਪਿਛਲੇ ਦਿਨੀਂ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼ ਵਿਚ ਇਕ ਸਾਲ ਦੀ ਸਜ਼ਾ ਸੁਣਾਈ ਸੀ, ਜਿਸ ਮਗਰੋਂ ਉਨ੍ਹਾਂ ਨੇ ਪੰਜਾਬ ਮੰਤਰੀ ਮੰਡਲ ਤੋਂ ਇਖਲਾਕੀ ਆਧਾਰ ’ਤੇ ਅਸਤੀਫ਼ਾ ਦੇ ਦਿਤਾ ਸੀ।

---------------------------------------

○ ਲੜਕੀਆਂ ਦਾ ਸਮਾਜਿਕ ਅਤੇ ਵਿੱਦਿਅਕ ਰੁਤਬਾ ਉੱਚਾ ਚੁੱਕਣ, ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਅਤੇ ਬੱਚੀਆਂ ਵੱਲੋਂ ਸਕੂਲ ਛੱਡਣ ਦੀ ਦਰ ਘਟਾਉਣ ਲਈ ਪੰਜਾਬ ਸਰਕਾਰ ਨੇ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਐ। ਸਮਾਜਿਕ ਸੁਰੱਖਿਆ, ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਨੇ ਅੱਜ ਚੰਡੀਗੜ੍ਹ ’ਚ ਕਿਹੈ ਕਿ ਪਰਿਵਾਰ ਨਿਯੋਜਨ ਅਪਣਾ ਚੁੱਕੇ 30 ਹਜ਼ਾਰ ਰੁਪਏ ਸਾਲਾਨਾ ਤੋਂ ਘੱਟ ਆਮਦਨ ਅਤੇ ਪਹਿਲੀ ਅਪ੍ਰੈਲ 2011 ਤੋਂ ਬਾਅਦ ਪੈਦਾ ਹੋਈਆਂ ਦੋ ਬੱਚੀਆਂ ਵਾਲੇ ਪਰਿਵਾਰਾਂ ਨੂੰ ਲਾਭ ਦੇਣ ਲਈ ਇਹ ਸਕੀਮ ਤਿਆਰ ਕੀਤੀ ਗਈ ਏ।

---------------------------------------

○ ਪੰਜਾਬ ਰਾਜ ਅਨੁਸੂਚਿਤ ਜਾਤਾਂ ਕਮਿਸ਼ਨ ਦੇ ਮੈਂਬਰ ਦਲੀਪ ਸਿੰਘ ਪਾਂਧੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ’ਚ ਪੈਂਦੇ ਪਿੰਡ ਕੁੰਭੜਾ ਦੇ ਸਰਕਾਰੀ ਹਾਈ ਸਕੂਲ ਦਾ ਅਚਨਚੇਤੀ ਦੌਰਾ ਕਰਕੇ ਉਥੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਸਮੀਖਿਆ ਕੀਤੀ। ਏਸ ਮੌਕੇ ਉਨ੍ਹਾਂ ਪੱਤਰਕਾਰਾਂ ਨੂੰ ਦਸਿਆ ਕਿ ਕਮਿਸ਼ਨ ਕੋਲ ਸਕੂਲਾਂ ਵਿਚ ਅਨੁਸੂਚਿਤ ਜਾਤਾਂ ਦਾ ਜਾਅਲੀ ਸਰਟੀਫਿਕੇਟ ਬਣਾ ਕੇ ਬੱਚਿਆਂ ਵਲੋਂ ਦਾਖ਼ਲਾ ਲੈਣ ਦੀਆਂ ਸ਼ਿਕਾਇਤਾਂ ਆਈਆਂ ਸਨ।

---------------------------------------

○ ਕੇਂਦਰ ਸਰਕਾਰ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ’ਤੇ ਹੁੰਦੀਆਂ ਜ਼ਿਆਦਤੀਆਂ ਰੋਕਣ ਸਬੰਧੀ ਕਾਨੂੰਨ ਵਿਚ ਸੋਧ ਕਰਨ ਬਾਰੇ ਕੰਮ ਕਰ ਰਹੀ ਏ। ਕੇਂਦਰੀ ਸਮਾਜਿਕ ਨਿਆਂ ਮੰਤਰੀ ਮੁਕੁਲ ਵਾਸਨਿਕ ਨੇ ਅੱਜ ਰਾਜ ਸਭਾ ਵਿੱਚ ਇਕ ਸਵਾਲ ਦਾ ਜਵਾਬ ਦਿੰਦਿਆਂ ਦਸਿਆ ਕਿ ਏਸ ਕਾਨੂੰਨ ਦੇ ਖਰੜੇ ਨੂੰ ਰਾਜਾਂ ਕੋਲ ਭੇਜਿਆ ਗਿਐ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੂੰ ਏਸ ਸਿਲਸਿਲੇ ਵਿੱਚ ਕੋਈ ਅੱਧਾ ਦਰਜਨ ਰਾਜਾਂ ਦੇ ਵਿਚਾਰਾਂ ਦੀ ਉਡੀਕ ਏ।

---------------------------------------

○ ਪੰਜਾਬ ਦੀਆਂ ਮੰਡੀਆਂ ’ਚ ਕਣਕ ਦੀ ਆਮਦ ਜ਼ੋਰਾਂ ’ਤੇ ਚੱਲ ਰਹੀ ਏ ਅਤੇ ਸਰਕਾਰੀ ਏਜੰਸੀ ਪਨਸਪ ਕਣਕ ਖਰੀਦਣ ਵਿੱਚ ਸਭ ਤੋਂ ਮੋਹਰੀ ਏ, ਜਿਸ ਨੇ ਕੱਲ੍ਹ 16 ਮਈ ਤੱਕ ਰਾਜ ਦੀ ਕੁੱਲ ਖਰੀਦ ’ਚੋਂ 28 ਲੱਖ 34 ਹਜ਼ਾਰ ਟਨ ਯਾਨੀ 22 ਇਸ਼ਾਰੀਆ 61 ਫ਼ੀ ਸਦੀ ਕਣਕ ਦੀ ਖਰੀਦ ਕੀਤੀ ਏ। ਕੁੱਲ ਮਿਲਾ ਕੇ ਸਰਕਾਰੀ ਏਜੰਸੀਆਂ ਅਤੇ ਮਿਲ ਮਾਲਕਾਂ ਵਲੋਂ ਰਾਜ ਵਿਚ ਬੀਤੀ ਸ਼ਾਮ ਤੱਕ 1 ਕਰੋੜ 25 ਲੱਖ 34 ਹਜ਼ਾਰ 422 ਟਨ

ਕਣਕ ਦੀ ਖਰੀਦ ਕੀਤੀ ਜਾ ਚੁੱਕੀ ਏ। ਸਰਕਾਰੀ ਬੁਲਾਰੇ ਨੇ ਚੰਡੀਗੜ੍ਹ ’ਚ ਦਸਿਐ ਕਿ ਹੁਣ ਤੱਕ ਹੋਈ ਕਣਕ ਦੀ ਕੁੱਲ ਖਰੀਦ ’ਚੋਂ ਸਰਕਾਰੀ ਏਜੰਸੀਆਂ ਨੇ 1 ਕਰੋੜ 24 ਲੱਖ ਟਨ ਤੋਂ ਕੁਝ ਵੱਧ ਕਣਕ ਖਰੀਦੀ ਏ।

---------------------------------------------

○ ਹੁਸ਼ਿਆਰਪੁਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀਪਇੰਦਰ ਸਿੰਘ ਨੇ ਖੇਤੀ ਮਹਿਕਮੇ ਦੇ ਅਧਿਕਾਰੀਆਂ ਨੂੰ ਝੋਨੇ ਦੀ ਐਚ.ਆਰ. 127 ਅਤੇ 147 ਕਿਸਮਾਂ ਦੇ ਬੀਜ ਮਾਰਕਿਟ ਵਿਚ ਵਿਕਣ ’ਤੇ ਰੋਕ ਲਾਉਣ ਦੀ ਹਦਾਇਤ ਕੀਤੀ ਏ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਏ ਕਿ ਕੋਈ ਵੀ ਡੀਲਰ ਇਨ੍ਹਾਂ ਕਿਸਮਾਂ ਦੇ ਬੀਜ ਨਾ ਵੇਚੇ।

---------------------------------------------

○ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਟਾਰ ਕ੍ਰਿਕਟਰ ਯੁਵਰਾਜ ਸਿੰਘ ਨੂੰ ਕੌਮੀ ਅਤੇ ਕੌਮਾਂਤਰੀ ਕ੍ਰਿਕਟ ਵਿਚ ਨਾਮਣਾ ਖੱਟ ਕੇ ਦੇਸ਼ ਖਾਸ ਤੌਰ ’ਤੇ ਸੂਬੇ ਦਾ ਨਾਂ ਰੁਸ਼ਨਾਉਣ ’ਤੇ ਵਧਾਈ ਦਿਤੀ ਏ। ਯੁਵਰਾਜ ਸਿੰਘ ਨੂੰ ਕ੍ਰਿਕਟ ਵਿਸ਼ਵ ਕੱਪ 2011 ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਬਦਲੇ ਅੱਜ ਚੰਡੀਗੜ੍ਹ ਵਿੱਚ ਇਕ ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਏਸ ਨੌਜਵਾਨ ਕ੍ਰਿਕਟਰ ਦੀ ਵਿਲੱਖਣ ਪ੍ਰਾਪਤੀ ਭਵਿੱਖ ਵਿੱਚ ਉਭਰਦੇ ਖਿਡਾਰੀਆਂ ਲਈ ਪ੍ਰੇਰਣਾ ਸਰੋਤ ਬਣੇਗੀ।

---------------------------------------------

○ ਕਪੂਰਥਲਾ ਜ਼ਿਲ੍ਹੇ ਦੇ ਬੇਗੋਵਾਲ ਨੇੜੇ ਪਿੰਡ ਰਾਵਾਂ ਵਿਖੇ ਕੱਲ੍ਹ ਸ਼ਾਮ ਇਕ ਕਾਂਗਰਸੀ ਵਰਕਰ ਅਜੀਤ ਸਿੰਘ ਅਤੇ ਉਸ ਦੇ ਤਿੰਨ ਪੁੱਤਰਾਂ ਉੱਤੇ ਹੋਈ ਕਥਿਤ ਗੋਲੀਬਾਰੀ ਦੀ ਘਟਨਾ ਸਬੰਧੀ ਪੁਲਿਸ ਨੇ ਧਾਰਾ 307 ਤਹਿਤ ਇਰਾਦਾ ਕਤਲ ਦਾ ਮਾਮਲਾ ਤਿੰਨ ਬੰਦਿਆਂ ਅਤੇ ਕੁਝ ਹੋਰ ਅਣਪਛਾਤੇ ਬੰਦਿਆਂ ਵਿਰੁੱਧ ਦਰਜ ਕਰ ਲਿਐ।

---------------------------------------------